# ਵਾਧੂ ਭਾਸ਼ਾ ਜਾਂ ਬੋਲੀ ਦੇ ਤੌਰ ‘ਤੇ ਅੰਗਰੇਜ਼ੀ ਸਿੱਖਣ ਵਾਲੇ ਵਿਦਿਆਰਥੀਆਂ ਲਈ ਲਿਖਤੀ ਰਿਪੋਰਟਾਂ

### ਮਾਪਿਆਂ ਅਤੇ ਦੇਖਰੇਖਕਰਤਾਵਾਂ ਲਈ ਜਾਣਕਾਰੀ

ਪਿਆਰੇ ਮਾਪਿਓ ਅਤੇ ਦੇਖਰੇਖਕਰਤਾ

ਤੁਹਾਨੂੰ ਤੁਹਾਡੇ ਬੱਚੇ ਦੇ ਸਕੂਲ ਤੋਂ ਹਰੇਕ ਸਾਲ ਦੋ ਰਿਪੋਰਟਾਂ ਮਿਲਦੀਆਂ ਹਨ। ਇਹ ਰਿਪੋਰਟਾਂ ਤੁਹਾਨੂੰ ਇਹ ਸਮਝਣ ਵਿੱਚ ਮਦਦ ਦੇਣਗੀਆਂ ਕਿ ਤੁਹਾਡਾ ਬੱਚਾ ਕਿਵੇਂ ਪ੍ਰਗਤੀ ਕਰ ਰਿਹਾ ਹੈ ਅਤੇ ਤੁਹਾਡਾ ਸਕੂਲ ਤੁਹਾਡੇ ਬੱਚੇ ਦੀ ਸਿੱਖਿਆ-ਪ੍ਰਾਪਤੀ ਵਿੱਚ ਕਿਵੇਂ ਸਹਾਇਤਾ ਕਰ ਰਿਹਾ ਹੈ। ਇਹ ਰਿਪੋਰਟ ਸਾਰੇ ਵਿਸ਼ਿਆਂ ਵਿੱਚ ਤੁਹਾਡੇ ਬੱਚੇ ਦੀ ਪ੍ਰਗਤੀ ਨੂੰ ਵਿਖਾਏਗੀ।

## ਵਾਧੂ ਭਾਸ਼ਾ ਜਾਂ ਬੋਲੀ ਦੇ ਤੌਰ ‘ਤੇ ਅੰਗਰੇਜ਼ੀ (English as an additional language or dialect (EAL/D)) ਸਿੱਖਣ ਵਾਲੇ ਸਾਰੇ ਵਿਦਿਆਰਥੀਆਂ ਲਈ ਰਿਪੋਰਟਾਂ

ਜੇਕਰ ਤੁਹਾਡਾ ਬੱਚਾ ਵਾਧੂ ਭਾਸ਼ਾ ਜਾਂ ਬੋਲੀ ਦੇ ਤੌਰ ‘ਤੇ ਅੰਗਰੇਜ਼ੀ ਸਿੱਖ ਰਿਹਾ ਹੈ, ਤਾਂ ਇਸ ਰਿਪੋਰਟ ਵਿੱਚ ਅੰਗਰੇਜ਼ੀ ਭਾਸ਼ਾ ਸਿੱਖਣ ਵਿੱਚ ਤੁਹਾਡੇ ਬੱਚੇ ਦੀ ਪ੍ਰਗਤੀ ਅਤੇ ਅੰਗਰੇਜ਼ੀ ਭਾਸ਼ਾ ਸੰਬੰਧੀ ਮੁਹਾਰਤ ਵਿੱਚ ਉਨ੍ਹਾਂ ਦੀ ਵਰਤਮਾਨ ਸਥਿਤੀ ਨੂੰ ਵਿਖਾਇਆ ਜਾਵੇਗਾ। ਇਨ੍ਹਾਂ ਪੜਾਵਾਂ ਵਿੱਚ ਸ਼ੁਰੂਆਤੀ, ਉਭਰਦਾ, ਵਿਕਾਸਸ਼ੀਲ ਅਤੇ ਇਕਸਾਰ ਪੜਾਅ ਸ਼ਾਮਿਲ ਹਨ। ਇਨ੍ਹਾਂ ਪੜਾਵਾਂ ਦੇ ਵੇਰਵਿਆਂ ਲਈ ਸਫੇ ਦਾ ਪਿੱਛਲਾ ਭਾਗ ਵੇਖੋ।

## EAL/D ਪ੍ਰੋਗ੍ਰਾਮ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਲਈ ਰਿਪੋਰਟਾਂ

ਜੇਕਰ ਤੁਹਾਡਾ ਬੱਚਾ EAL/D ਪ੍ਰੋਗ੍ਰਾਮ ਵਿੱਚ ਭਾਗ ਲੈ ਰਿਹਾ ਹੈ ਤਾਂ ਉਸਨੂੰ EAL/D ਟੀਚਰ ਤੋਂ ਇੱਕ ਵਾਧੂ ਲਿਖਤੀ ਰਿਪੋਰਟ ਮਿਲੇਗੀ ਜਿਸ ਵਿੱਚ ਅੰਗਰੇਜ਼ੀ ਭਾਸ਼ਾ ਸਿੱਖਣ ਵਿੱਚ ਉਸਦੀ ਪ੍ਰਗਤੀ ਬਾਰੇ ਜਾਣਕਾਰੀ ਸ਼ਾਮਿਲ ਹੋਵੇਗੀ।

## ਨਵੇਂ ਆਏ EAL/D ਵਿਦਿਆਰਥੀਆਂ ਲਈ ਰਿਪੋਰਟਾਂ

ਜੇਕਰ ਤੁਹਾਡਾ ਬੱਚਾ EAL/D ਪ੍ਰੋਗ੍ਰਾਮ ਵਿੱਚ ਭਾਗ ਲੈ ਰਿਹਾ ਹੈ ਅਤੇ ਚਾਰ ਟਰਮਾਂ ਜਾਂ ਇਸਤੋਂ ਘੱਟ ਦੀ ਮਿਆਦ ਤੋਂ ਕਿਸੇ ਆਸਟ੍ਰੇਲੀਆਈ ਸਕੂਲ ਵਿੱਚ ਪੜ੍ਹ ਰਿਹਾ ਹੈ, ਤਾਂ ਤੁਹਾਡੇ ਬੱਚੇ ਦੀ ਲਿਖਤੀ ਰਿਪੋਰਟ ਵਿੱਚ ਅੰਗਰੇਜ਼ੀ ਸਿੱਖਣ ਵਿੱਚ ਉਸਦੀ ਪ੍ਰਗਤੀ ਬਾਰੇ ਜਾਣਕਾਰੀ ਦੇ ਨਾਲ-ਨਾਲ ਹੋਰ ਵਿਸ਼ਿਆਂ ਵਿੱਚ ਉਸਦੀ ਪ੍ਰਗਤੀ ਨਾਲ ਸੰਬੰਧਿਤ ਜਾਣਕਾਰੀ ਕਿਸੇ ਗ੍ਰੇਡ ਵਿੱਚ ਦਿੱਤੇ ਜਾਣ ਦੀ ਬਜਾਏ ਟਿੱਪਣੀ ਦੇ ਰੂਪ ਵਿੱਚ ਸ਼ਾਮਿਲ ਹੋਵੇਗੀ।

## ਇਨਟੈਨਸਿਵ ਇੰਗਲਿਸ਼ ਸੈਂਟਰ ਜਾਂ ਇਨਟੈਨਸਿਵ ਇੰਗਲਿਸ਼ ਹਾਈ ਸਕੂਲ ਵਿੱਚ ਨਵੇਂ ਆਏ EAL/D ਵਿਦਿਆਰਥੀਆਂ ਲਈ ਰਿਪੋਰਟਾਂ

ਜੇਕਰ ਤੁਹਾਡਾ ਬੱਚਾ ਕਿਸੇ ਇਨਟੈਨਸਿਵ ਇੰਗਲਿਸ਼ ਸੈਂਟਰ ਜਾਂ ਇਨਟੈਨਸਿਵ ਇੰਗਲਿਸ਼ ਹਾਈ ਸਕੂਲ ਵਿੱਚ ਭਰਤੀ ਹੈ, ਤਾਂ ਤੁਹਾਨੂੰ ਅੰਗਰੇਜ਼ੀ ਸਿੱਖਣ ਵਿੱਚ ਉਸਦੀ ਪ੍ਰਗਤੀ ਬਾਰੇ ਇੱਕ ਲਿਖਤੀ ਰਿਪੋਰਟ ਮਿਲੇਗੀ। ਇਸਦੇ ਇਲਾਵਾ ਰਿਪੋਰਟ ਵਿੱਚ ਹਾਈ ਸਕੂਲ ਦੀ ਤਿਆਰੀ ਕਰਨ ਲਈ ਪੜ੍ਹਾਈ ਕੀਤੇ ਜਾਣ ਵਾਲੇ ਸਾਰੇ ਵਿਸ਼ਿਆਂ ਵਿੱਚ ਪ੍ਰਗਤੀ ਵਿਖਾਈ ਜਾਵੇਗੀ।

| ਅੰਗਰੇਜ਼ੀ ਭਾਸ਼ਾ ਵਿੱਚ ਮੁਹਾਰਤ ਦੇ ਪੜਾਅ | |
|---|---|
| ਸ਼ੁਰੂਆਤੀ | ਸ਼ੁਰੂਆਤੀ ਪੜਾਅ ਵਿੱਚ ਆਉਣ ਵਾਲੇ ਵਿਦਿਆਰਥੀ ਅੰਗਰੇਜ਼ੀ ਸਿੱਖਣਾ ਸ਼ੁਰੂ ਕਰ ਰਹੇ ਹੁੰਦੇ ਹਨ। ਉਹ ਅੰਗਰੇਜ਼ੀ ਦੇ ਇਲਾਵਾ ਇੱਕ ਜਾਂ ਇੱਕ ਤੋਂ ਵੱਧ ਭਾਸ਼ਾਵਾਂ ਬੋਲ ਸਕਦੇ ਹਨ ਅਤੇ ਉਨ੍ਹਾਂ ਦੀ ਪਹਿਲੀ ਭਾਸ਼ਾ ਵਿੱਚ ਲਿਖਤੀ ਸਾਖਰਤਾ ਵਿੱਚ ਉਨ੍ਹਾਂ ਦਾ ਉਮਰ ਸੰਬੰਧੀ ਉਚਿਤ ਪੱਧਰ ਹੋ ਸਕਦਾ ਹੈ। ਇਹ ਵਿਦਿਆਰਥੀ ਪਾਠਕ੍ਰਮ ਦੇ ਬੁਨਿਆਦੀ ਭਾਸ਼ਾ ਕਾਰਜਾਂ ਵਿੱਚ ਭਾਗ ਲੈਣਾ ਸ਼ੁਰੂ ਕਰ ਰਹੇ ਹੁੰਦੇ ਹਨ। |
| ਉਭਰਦਾ | ਉਭਰਦੇ ਪੜਾਅ ਵਿੱਚ ਆਉਣ ਵਾਲੇ ਵਿਦਿਆਰਥੀਆਂ ਵਿੱਚ ਅੰਗਰੇਜ਼ੀ ਭਾਸ਼ਾ ਨਾਲ ਸੰਬੰਧਿਤ ਗਿਆਨ ਵੱਧ ਰਿਹਾ ਹੁੰਦਾ ਹੈ। ਇਹ ਵਿਦਿਆਰਥੀ ਬੁਨਿਆਦੀ ਅੰਗਰੇਜ਼ੀ ਸਮੇਤ ਇੱਕ ਜਾਂ ਇੱਕ ਤੋਂ ਵੱਧ ਭਾਸ਼ਾਵਾਂ ਬੋਲ ਸਕਦੇ ਹਨ, ਅਤੇ ਉਨ੍ਹਾਂ ਦਾ ਲਿਖਤੀ ਅੰਗਰੇਜ਼ੀ ਵਿੱਚ ਗਿਆਨ ਵੱਧ ਰਿਹਾ ਹੁੰਦਾ ਹੈ। ਇਹ ਵਿਦਿਆਰਥੀ ਕਲਾਸ ਦੀਆਂ ਗਤੀਵਿਧੀਆਂ ਵਿੱਚ ਭਾਗ ਲੈਣ ਅਤੇ ਉਚਿਤ ਭਾਸ਼ਾ ਸਿੱਖਿਆ ਅਤੇ ਅਤਿਰਿਕਤ ਸਮਾਂ ਪ੍ਰਦਾਨ ਕੀਤੇ ਜਾਣ ਤੇ ਸਿੱਖਿਆ-ਪ੍ਰਾਪਤੀ ਵਿੱਚ ਭਾਗ ਲੈਣ ਵਿੱਚ ਸਮਰਥ ਹੁੰਦੇ ਹਨ ਤਾਂਜੋ ਉਹ ਕਲਾਸ ਦੀਆਂ ਗਤੀਵਿਧੀਆਂ ਪੂਰੀਆਂ ਕਰ ਸਕਣ। |
| ਵਿਕਾਸਸ਼ੀਲ | ਵਿਕਾਸਸ਼ੀਲ ਪੜਾਅ ਵਿੱਚ ਆਉਣ ਵਾਲੇ ਵਿਦਿਆਰਥੀ ਇੱਕ ਜਾਂ ਇੱਕ ਤੋਂ ਵੱਧ ਭਾਸ਼ਾਵਾਂ ਬੋਲ ਸਕਦੇ ਹਨ, ਕੰਮਕਾਜ਼ੀ ਅੰਗਰੇਜ਼ੀ ਸਮੇਤ, ਅਤੇ ਲਿਖਤੀ ਅੰਗਰੇਜ਼ੀ ਵਿੱਚ ਉਨ੍ਹਾਂ ਦਾ ਗਿਆਨ ਵਿਕਾਸਸ਼ੀਲ ਹੁੰਦਾ ਹੈ। ਇਹ ਵਿਦਿਆਰਥੀ ਕਲਾਸ ਅਤੇ ਸਕੂਲ ਦੇ ਨੇਮੀ ਪ੍ਰੋਗ੍ਰਾਮਾਂ ਵਿੱਚ ਸਰਗਰਮੀ ਨਾਲ ਭਾਗ ਲੈਂਦੇ ਹਨ, ਅਤੇ ਵੱਧਦੀ ਸਫਲਤਾ ਦੇ ਨਾਲ ਸਿੱਖਿਆ ਸੰਬੰਧੀ ਕਾਰਜਾਂ ਵਿੱਚ ਭਾਗ ਲੈਣ ਵਿੱਚ ਸਮਰਥ ਹੁੰਦੇ ਹਨ। ਉਨ੍ਹਾਂ ਦੀ ਪਹਿਲੀ ਭਾਸ਼ਾ ਇੱਕ ਉਪਯੋਗੀ ਸਹਾਇਕ ਬਣੀ ਰਹਿੰਦੀ ਹੈ ਜਦਕਿ ਉਹ ਅੰਗਰੇਜ਼ੀ ਦੀ ਵਿਆਕਰਣ ਤੇ ਕਾਬੂ ਦਾ ਵਿਕਾਸ ਕਰ ਰਹੇ ਹੁੰਦੇ ਹਨ ਅਤੇ ਆਪਣੀ ਸ਼ਬਦਾਵਲੀ ਦਾ ਨਿਰਮਾਣ ਕਰ ਰਹੇ ਹੁੰਦੇ ਹਨ। |
| ਇਕਸਾਰ | ਇਕਸਾਰ ਪੜਾਅ ਵਿੱਚ ਆਉਣ ਵਾਲੇ ਵਿਦਿਆਰਥੀ ਅੰਗਰੇਜ਼ੀ ਸਮੇਤ ਇੱਕ ਜਾਂ ਇੱਕ ਤੋਂ ਵੱਧ ਭਾਸ਼ਾਵਾਂ ਬੋਲ ਸਕਦੇ ਹਨ, ਅਤੇ ਲਿਖਤੀ ਅੰਗਰੇਜ਼ੀ ਵਿੱਚ ਉਨ੍ਹਾਂ ਨੂੰ ਠੋਸ ਗਿਆਨ ਹੁੰਦਾ ਹੈ। ਇਹ ਵਿਦਿਆਰਥੀ ਕਲਾਸ ਅਤੇ ਸਕੂਲ ਦੇ ਨੇਮੀ ਪ੍ਰੋਗ੍ਰਾਮਾਂ ਵਿੱਚ ਸੁਤੰਤਰ ਰੂਪ ਨਾਲ ਭਾਗ ਲੈਂਦੇ ਹਨ, ਅਤੇ ਬੁਨਿਆਦੀ ਸਫਲਤਾ ਦੇ ਨਾਲ ਸਿੱਖਿਆ-ਪ੍ਰਾਪਤੀ ਵਿੱਚ ਭਾਗ ਲੈਣ ਲਈ ਅੰਗਰੇਜ਼ੀ ਭਾਸ਼ਾ ਦੀ ਵਰਤੋਂ ਕਰਨ ਦੀ ਉਨ੍ਹਾਂ ਦੀ ਯੋਗਤਾ ਵੱਧ ਹੁੰਦੀ ਹੈ। ਉਹ ਖਾਸ ਉਦੇਸ਼ਾਂ ਲਈ ਬੋਲੇ ਜਾਣ ਅਤੇ ਲਿਖਤੀ ਟੇਕਸਟ (ਪਾਠ) ਸਮਝਦੇ ਅਤੇ ਉਨ੍ਹਾਂ ਦਾ ਨਿਰਮਾਣ ਕਰਦੇ ਹਨ ਪਰ ਫਿਰ ਵੀ ਉਨ੍ਹਾਂ ਨੂੰ ਵਿਸ਼ੇ ਦੇ ਅਧਿਐਨ ਦੀ ਅਕਾਦਮਿਕ ਭਾਸ਼ਾ ਦੇ ਵੱਧਣ ਦੇ ਨਾਲ-ਨਾਲ ਉਨ੍ਹਾਂ ਕੇਂਦ੍ਰਿਤ ਭਾਸ਼ਾ ਸਿੱਖਿਆ ਅਤੇ ਕਾਰਜਨੀਤੀਆਂ ਦੀ ਲੋੜ ਹੁੰਦੀ ਹੈ ਜੋ EAL/D ਵਿਦਿਆਰਥੀਆਂ ਲਈ ਸਮਰਥਕ ਹੁੰਦੀਆਂ ਹਨ। |

## ਟੈਲੀਫੋਨ ਦੁਭਾਸ਼ੀਆ ਸੇਵਾ

ਜੇਕਰ ਤੁਹਾਨੂੰ ਵਧੇਰੀ ਜਾਣਕਾਰੀ ਦੀ ਲੋੜ ਹੈ ਤਾਂ ਕ੍ਰਿਪਾ ਕਰਕੇ ਸਕੂਲ ਨਾਲ ਸੰਪਰਕ ਕਰੋ। ਜੇਕਰ ਸਕੂਲ ਨਾਲ ਸੰਪਰਕ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਤੁਹਾਨੂੰ ਕਿਸੇ ਦੋਭਾਸ਼ੀਏ ਦੀ ਲੋੜ ਹੈ, ਤਾਂ ਕ੍ਰਿਪਾ ਕਰਕੇ ਟੈਲੀਫੋਨ ਦੋਭਾਸ਼ੀਆ ਸੇਵਾ (TIS) ਨੂੰ 131 450 ਤੇ ਫੋਨ ਕਰੋ ਅਤੇ ਆਪਣੀ ਭਾਸ਼ਾ ਵਿੱਚ ਕਿਸੇ ਦੋਭਾਸ਼ੀਏ ਲਈ ਬੇਨਤੀ ਕਰੋ। ਦੋਭਾਸ਼ੀਆ ਸਕੂਲ ਨੂੰ ਫੋਨ ਕਰੇਗਾ ਅਤੇ ਗੱਲਬਾਤ ਵਿੱਚ ਮਦਦ ਦੇਣ ਲਈ ਲਾਇਨ ਤੇ ਬਣਿਆ ਰਹੇਗਾ। ਇਸ ਸੇਵਾ ਲਈ ਤੁਹਾਡੇ ਤੋਂ ਫੀਸ ਨਹੀਂ ਲਿੱਤੀ ਜਾਵੇਗੀ।